SKYWAY TRAVEL
TORONTO DELHI TORONTO
ਗੁਰਧਾਮਾ ਦੀ ਯਾਤਰਾ
TEL: 416-745-8181

# ਪੰਜਾਬੀ ਪੋਸਟ

Canadian Punjabi Post

Epaper: www.punjabipost.ca/epaper.php

Vol 9 * Issue 057 | Daily Newspaper Friday September 10 2010 | Tel: 905-793-2202 | Fax: 905-793-2282 | news@punjabipost.ca

Romano
LAW OFFICE
PERSONAL INJURY LAWYERS
PROFESSIONAL, SINCERE, DEDICATED SERVICE AND AGGRESSIVE REPRESENTATION
PROTECT YOURSELF & YOUR FAMILY
FREE CONSULTATION
NO UPFRONT FEE
PAY ONLY ON SETTLEMENT
CALL ARVINDER SAHOTA
416 - 670 - 1400

# ਮਿਸੀਸਾਗਾ ਵਿੱਚ ਸਿੱਖ ਸੰਸਥਾ ਵੱਲੋਂ ਫੂਡ ਬੈਂਕ ਦਾ ਉਦਘਾਟਨ




ਮਿਸੀਸਾਗਾ 9 ਸਤੰਬਰ ਪੋਸਟ ਬਿਊਰੋ: ਸਿੱਖ ਸਰਵਿੰਗ ਕੈਨੇਡਾ (Sikhs Serving Canada) ਵੱਲੋਂ ਇੱਕ ਗਰੇਟਰ ਟੋਰਾਂਟੋ ਏਰੀਆ ਵਿੱਚ ਕਿਸੇ ਸਿੱਖ ਸੰਸਥਾ ਵੱਲੋਂ ਚਲਾਏ ਜਾਣ ਵਾਲੇ ਪਹਿਲੇ ਫੂਡ ਬੈਂਕ ਦਾ ਉਦਘਾਟਨ ਕੀਤਾ ਗਿਆ। 3413 ਵੂਲਫਡੇਲ ਰੋਡ ਮਿਸੀਸਾਗਾ ਦੀ ਯੂਨਿਟ 10 ਵਿੱਚ ਇਸਦਾ ਉਦਘਾਟਨ ਮਿਸੀਸਾਗਾ ਦੀ ਮੇਅਰ ਹੇਜਲ ਮਕੈਲੀਅਨ ਨੇ ਰਿਬਨ ਕੱਟ ਕੇ ਕੀਤਾ ਜਿਸ ਉਪਰੰਤ ਕੇਕ ਕੱਟਿਆ ਗਿਆ। ਇਸ ਮੌਕੇ ਵੱਡੀ ਗਿਣਤੀ ਵਿੱਚ ਸਿਆਸਤਦਾਨ ਮੌਜੂਦ ਸਨ ਜਿਹਨਾਂ ਵਿੱਚ ਮੰਤਰੀ ਹਰਿੰਦਰ ਤੱਖਰ, ਸਿਟੀਜ਼ਨਸ਼ਿੱਪ ਮੰਤਰੀ ਡਾਕਟਰ ਐਰਿਕ ਹੌਸਕਿਨਸ, ਐਮ ਪੀ ਗੁਰਬਖਸ਼ ਸਿੰਘ ਮੱਲ੍ਹੀ, ਨਵਦੀਪ ਸਿੰਘ ਬੈਂਸ, ਜੇਰਾਰਡ ਕੈਨੇਡੀ, ਐਂਡਰੀਓ ਕਾਨੀਆ,

.. ਬਾਕੀ ਪੰਨਾ 5 ਤੇ

## ਫੂਡ ਬੈਂਕ ... ਪੰਨਾ 1 ਦਾ ਬਾਕੀ




ਐਮ ਪੀ ਪੀ ਬੌਬ ਡਿਲੇਨੀ, ਡਾਕਰ ਕੁਲਦੀਪ ਕੁਲਾਰ, ਸਿਟੀ ਕੌਂਸਲਰ ਕੈਰੋਲਿਨ ਪੈਰਿਸ਼, ਮਿਸੀਸਾਗਾ ਦੇ ਵਾਰਡ 9 ਦੀ ਕਾਊਂਸਲਰ ਪੈਟ ਸੈਟੋ, 11 ਵਾਰਡ ਤੋਂ ਜਾਰਜ ਕਾਰਲਸਨ ਆਦਿ ਮੁਬਾਰਕਾਂ ਪੇਸ਼ ਕਰਨ ਲਈ ਹਾਜ਼ਰ ਸਨ।

ਸੇਵਾ ਫੂਡ ਬੈਂਕ ਬਾਰੇ ਗੱਲਬਾਤ ਕਰਦੇ ਹੋਏ ਕੁਲਬੀਰ ਸਿੰਘ ਗਿੱਲ ਨੇ ਦੱਸਿਆ ਕਿ ਇਹ ਸਿੱਖ ਯੁਵਕਾਂ ਦਾ ਉੱਦਮ ਹੈ ਤਾਂ ਜੋ ਅਸੀਂ ਸਿੱਖ ਆਸ਼ੇ ਮੁਤਾਬਿਕ ਗਰੀਬ ਦੀ ਸੇਵਾ ਕਰ ਸਕੀਏ। ਉਹਨਾਂ ਕਿਹਾ ਕਿ ਸਿੱਖ ਕਮਿਊਨਿਟੀ ਅਤੇ ਗੁਰਦੁਆਰਾ ਸਾਹਿਬਾਨ ਵੱਲੋਂ ਕਾਫੀ ਫੂਡ ਡਰਾਈਵ ਕੀਤੀਆਂ ਜਾਂਦੀਆਂ ਰਹੀਆਂ ਹਨ ਅਤੇ ਹੁਣ ਇਹਨਾਂ ਸੰਸਥਾਵਾਂ ਕੋਲ ਮੌਕਾ ਹੈ ਕਿ ਉਹ ਕਮਿਊਨਿਟੀ ਦੇ ਆਪਣੇ ਫੂਡ ਬੈਂਕ ਲਈ ਭੋਜਨ ਇੱਕਤਰ ਕਰਕੇ ਸੇਵਾ ਕਰਨ। ਉਹਨਾਂ ਇਹ ਵੀ ਕਿਹਾ ਕਿ ਸਾਡਾ ਫੂਡ ਬੈਂਕ ਸ਼ੁਰੂ ਕਰਨ ਦਾ ਮਕਸਦ ਕੈਨੇਡਾ ਦੀ ਮੁੱਖ ਧਾਰਾ ਵਿੱਚ ਇਹ ਸੁਨੇਹਾ ਦੇਣਾ ਹੈ ਕਿ ਸਿੱਖ ਸੰਜੀਦਾ ਅਤੇ ਗੰਭੀਰ ਸੇਵਾ ਕਰਨ ਦੇ ਮੁਦਈ ਹਨ। ਫੂਡ ਬੈਂਕ ਦੀ ਲੋੜ ਬਾਰੇ ਉਹਨਾਂ ਕਿਹਾ ਕਿ ਪੀਲ ਰੀਜਨ ਵਿੱਚ ਗਰੀਬੀ ਦਾ ਇਹ ਹਾਲ ਹੈ ਕਿ ਲੱਗਭੱਗ 15% ਬੱਚੇ ਸਕੂਲ ਜਾਣ ਵੇਲੇ ਚੰਗਾ ਨਾਸ਼ਤਾ ਨਹੀਂ ਕਰਕੇ ਜਾ ਸਕਦੇ। ਇਹ ਹਾਲ ਖਾਸਕਰਕੇ ਜੰਗ ਤੋਂ ਪ੍ਰਭਾਵਿਤ ਮੁਲਕਾਂ ਤੋਂ ਆਏ ਪਰਵਾਸੀ ਪਰਿਵਾਰਾਂ ਦਾ ਹੁੰਦਾ ਹੈ।

ਵਰਨਣਯੋਗ ਹੈ ਕਿ ਇਹ ਫੂਡ ਬੈਂਕ ਨੇ ਹਕੀਕਤ ਵਿੱਚ 1 ਸਤੰਬਰ ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਹੈ ਅਤੇ ਮਿਸੀਸਾਗਾ ਵਿੱਚ ਗਰੀਬ ਲੋਕਾਂ ਨੂੰ ਸੁਰੱਖਿਅਤ, ਗੁਣਵੱਤਾ ਵਾਲਾ ਅਤੇ ਲੋੜ ਮੁਜਬ ਭੋਜਨ ਮੁਹਈਆ ਕਰਵਾਉਂਦਾ ਹੈ। ਇਸ ਨੇ ਕੁੱਝ ਦਿਨਾਂ ਦੇ ਵਕਫੇ ਦੌਰਾਨ ਹੀ ਕਰੀਬ 3000 ਪੌਂਡ ਭੋਜਨ ਇੱਕਤਰ ਕਰ ਲਿਆ ਹੈ ਅਤੇ 60 ਪਰਿਵਾਰਾਂ ਦੀ ਮੱਦਦ ਕੀਤੀ ਜਾ ਚੁੱਕੀ ਹੈ। ਸਿੱਖ ਸਰਵਿੰਗ ਕੈਨੇਡਾ (ਿਕਹਸ ਇਰਵਨਿਗ ਛਅਨਅਦਅ) ਇੱਕ ਗੈਰ ਮੁਨਾਫੇ ਵਾਲੀ ਸੰਸਥਾ ਹੈ ਜਿਸਦਾ ਮਕਸਦ ਸਿੱਖੀ ਦੇ ਸਰਬੱਤ ਦੇ ਭਲੇ ਅਤੇ ਨਿਰਸੁਆਰਥ ਸੇਵਾ ਉੱਤੇ ਚੱਲਦੇ ਗਰੀਬਾਂ ਦੀ ਸੇਵਾ ਕਰਨਾ ਹੈ। ਇਸ ਬਾਰੇ ਵਧੇਰੇ ਜਾਣਕਾਰੀ ਲੈਣ ਲਈ ਸੇਵਾ ਫੂਡ ਬੈਂਕ ਨਾਲ 905 361 7382 ਨਾਲ ਸੰਪਰਕ ਕੀਤਾ ਜਾ ਸਕਦਾ ਹੈ।

Looking For Drea
The Professional
Kailas

# 'ਸੇਵਾ ਫੂਡ ਬੈਂਕ' : ਗਰੀਬ ਦਾ ਮੂੰਹ ਗੁਰੂ ਦੀ ਗੋਲਕ



ਜਗਦੀਸ਼ ਗਰੇਵਾਲ

ਕੈਨੇਡਾ ਵਿੱਚ ਜੰਮਪਲ ਜਾਂ ਇੱਥੇ ਪੜੇ ਲਿਖੇ ਅਤੇ ਚੰਗੇ ਕੈਰੀਅਰ ਬਣਾਉਣ ਵਾਲੇ ਚੋਣਵੇਂ ਸਿੱਖ ਯੁਵਕਾਂ ਵੱਲੋਂ ਸਿੱਖ ਸਰਵਿੰਗ ਕੈਨੇਡਾ (Sikhs Serving Canada) ਨਾਮਕ ਸੰਸਥਾ ਬਣਾ ਕੇ ਮਿਸੀਸਾਗਾ ਵਿੱਚ 'ਸੇਵਾ ਫੂਡ ਬੈਂਕ' ਸ਼ੁਰੂ ਕਰਨਾ ਇੱਕ ਸ਼ੁਭ ਸ਼ਗਨ ਹੈ। ਇਹ ਗਰੇਟਰ ਟੋਰਾਂਟੋ ਏਰੀਆ ਵਿੱਚ ਕਿਸੇ ਸਿੱਖ ਗਰੁੱਪ ਵੱਲੋਂ ਚਲਾਇਆ ਜਾਣ ਵਾਲਾ ਪਹਿਲਾ ਫੂਡ ਬੈਂਕ ਹੈ। 1999 ਵਿੱਚ ਖਾਲਸੇ ਦੇ 300 ਸਥਾਪਨਾ ਦਿਵਸ ਨੂੰ ਸਮਰਪਿਤ ਡਰਾਈਵ ਵਿੱਚ ਕੁੱਝ ਦਿਨਾਂ ਵਿੱਚ ਹੀ 18,000 ਪੌਂਡ ਭੋਜਨ ਸਮੱਗਰੀ ਇੱਕਤਰ ਕਰਕੇ ਡੇਲੀ ਬਰੈੱਡ ਐਂਡ ਫੂਡ ਬੈਂਕ ਨੂੰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਤਿੰਨ ਕੁ ਸਾਲ ਡਾਊਨ ਟਾਊਨ ਟੋਰਾਂਟੋ ਵਿਖੇ ਬੇਘਰੇ ਲੋਕਾਂ ਲਈ ਹਰ ਐਤਵਾਰ ਖਾਣਾ ਜਾਂਦਾ ਰਿਹਾ ਹੈ। ਇਸ ਪ੍ਰਥਾ ਨੂੰ ਅੱਗੇ ਤੋਰਦਿਆਂ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਅਤੇ ਹੋਰ ਜੱਥੇਬੰਦੀਆਂ ਵੱਲੋਂ ਸਿੱਖ ਸੰਗਤਾਂ ਦੇ ਸਹਿਯੋਗ ਨਾਲ ਭੋਜਨ ਇੱਕਤਰ ਕਰਨ ਦੇ ਵੱਡੇ ਉੱਦਮ ਹੁੰਦੇ ਰਹੇ ਹਨ ਅਤੇ ਹੁਣ ਸੇਵਾ ਫੂਡ ਬੈਂਕ ਦਾ ਸਥਾਪਿਤ ਹੋਣਾ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਦੇ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਉਂਦਾ ਹੈ। ਉਹਨਾਂ ਕਾਰਣਾਂ ਨੂੰ ਜਾਨਣ ਅਤੇ ਪੜਚੋਲਣਾ ਦਿਲਚਸਪ ਗੱਲ ਹੋਵੇਗਾ ਕਿਹੜੇ ਕਾਰਣਾਂ ਕਰਕੇ ਨੌਜਵਾਨਾਂ ਨੇ ਇੱਕ ਵਿੱਲਖਣ ਫੂਡ ਬੈਂਕ ਕਾਇਮ ਕਰਨ ਦਾ ਫੈਸਲਾ ਲਿਆ। ਇਹ ਗੱਲ ਵੀ ਰੋਚਕ ਹੈ ਕਿ ਇਹਨਾਂ ਨੌਜਵਾਨਾਂ ਨੇ ਸਥਾਪਿਤ ਸਿੱਖ ਸੰਸਥਾਵਾਂ ਤੋਂ ਸ਼ੁਰੂਆਤੀ ਦਿਨਾਂ ਵਿੱਚ ਮੱਦਦ ਲੈਣ ਨਾਲੋਂ ਇੱਕਲੇ ਹੀ ਇਸ ਮਾਰਗ ਉੱਤੇ ਚੱਲਣ ਦਾ ਫੈਸਲਾ ਕਿਉਂ ਕੀਤਾ। ਨੌਜਵਾਨਾਂ ਦਾ ਇਹ ਫੈਸਲਾ ਜਿੱਥੇ ਉਹਨਾਂ ਦੇ ਹੌਸਲੇ ਦੀ ਪਹਿਚਾਣ ਬਣਦਾ ਹੈ, ਨਾਲ ਹੀ ਸੁਆਲੀਆ ਚਿੰਨ ਖੜਾ ਕਰਦਾ ਹੈ ਕਿ ਨਵੀਂ ਪੀੜੀ ਸਥਾਪਿਤ ਸੰਸਥਾਵਾਂ ਦੇ ਨਾਲ ਕਦਮ ਮਿਲਾ ਕੇ ਤੁਰਨ ਤੋਂ ਹਿਚਕਚਾਹਟ ਕਿਉਂ ਮਹਿਸੂਸ ਕਰਦੀ ਹੈ?

ਜਿੱਥੇ ਤੱਕ ਇਹ ਫੂਡ ਬੈਂਕ ਦੀ ਲੋੜ ਦੀ ਗੱਲ ਹੈ, ਪਤਾ ਲੱਗਾ ਹੈ ਕਿ ਇਹਨਾਂ ਨੌਜਵਾਨਾਂ ਨੂੰ ਇਸ ਗੱਲ ਦੀ ਚਿੰਤਾ ਸੀ ਕਿ ਪੀਲ ਰੀਜਨ ਵਿੱਚ ਵੱਡੀ ਗਿਣਤੀ ਵਿੱਚ ਲੁਕਵੀਂ ਗਰੀਬੀ ਦੀ ਮਾਰ ਹੇਠ ਆਏ ਲੋਕ ਰੋਟੀ ਪਾਣੀ ਨੂੰ ਤਰਸਦੇ ਹਨ। ਸੇਵਾ ਫੂਡ ਬੈਂਕ ਦੇ ਵਾਲੰਟੀਅਰਾਂ ਮੁਤਾਬਿਕ 15% ਦੇ ਕਰੀਬ ਪੀਲ ਰੀਜਨ ਦੇ ਬੱਚੇ ਸਹੀ ਤਰੀਕੇ ਦਾ ਬਰੇਕਫਾਸਟ ਕਰਕੇ ਸਕੂਲ ਨਹੀਂ ਜਾਂਦੇ ਕਿਉਂਕਿ ਉਹਨਾਂ ਕੋਲ ਸਾਧਨ ਨਹੀਂ ਹਨ। ਨਵੇਂ ਆਏ ਪਰਵਾਸੀਆਂ ਨੂੰ ਵੀ ਗਰੀਬੀ ਦੇ ਦਿਨ ਕੱਟਣ ਲਈ ਮਜਬੂਰ ਹੋਣਾ ਪੈਂਦਾ ਹੈ। ਭਾਰਤ ਖਾਸ ਕਰਕੇ ਪੰਜਾਬ ਤੋਂ ਆਏ ਪਰਵਾਸੀਆਂ ਨੂੰ ਤਾਂ ਕੋਈ ਰਿਸ਼ਤੇਦਾਰ, ਦੋਸਤ ਮਿੱਤਰ ਮੱਦਦ ਕਰਨ ਵਾਲਾ ਮਿਲ ਜਾਂਦਾ ਹੈ। ਜੇਕਰ ਅਜਿਹਾ ਸੰਭਵ ਨਹੀਂ ਵੀ ਹੁੰਦਾ ਤਾਂ ਵੱਡੀ ਗਿਣਤੀ ਵਿੱਚ ਮੌਜੂਦ ਗੁਰਦੁਆਰਾ ਸਾਹਿਬ ਇਸ ਸੇਵਾ ਲਈ ਤਤਪਰ ਰਹਿੰਦੇ ਹਨ ਜਿਸ ਕਾਰਣ ਪੰਜਾਬੀ ਕਮਿਊਨਿਟੀ ਦੇ ਲੋਕਾਂ ਨੂੰ ਇਸ ਗੱਲ ਦਾ ਅਹਿਸਾਸ ਨਹੀਂ ਕਿ ਪੀਲ ਰੀਜਨ ਵਿੱਚ ਭੁੱਖ ਨਾਲ ਜੂਝਣ ਦੀ ਸਥਿਤੀ ਵੀ ਮੌਜੂਦ ਹੈ। ਇਹ ਸਥਿਤੀ ਅਫਗਾਨਸਤਾਨ, ਸੋਮਾਲੀਆ ਵਰਗੇ ਜੰਗ ਤੋਂ ਪੀੜਤ ਮੁਲਕਾਂ ਤੋਂ ਆਏ ਪਰਵਾਸੀਆਂ/ਰਿਫਿਊਜੀਆਂ ਨੂੰ ਖਾਸ ਤੌਰ ਉੱਤੇ ਦਰਪੇਸ਼ ਹੁੰਦੀ ਹੈ। ਇਸ ਸੰਸਥਾ ਨੂੰ ਬਨਾਉਣ ਪਿੱਛੇ ਕੰਮ ਕਰ ਰਹੇ ਨੌਜਵਾਨਾਂ ਨੇ ਸਿੱਖੀ ਸੇਵਾ ਭਾਵਨਾ ਅਤੇ ਸਰਬੱਤ ਦੇ ਭਲੇ ਨੂੰ ਪ੍ਰਮੁੱਖ ਰੱਖਦੇ ਹੋਏ ਸਿੱਖੀ ਸੇਵਾ ਦੇ ਦਾਇਰੇ ਨੂੰ ਮੋਕਲਾ ਕਰਨ ਦਾ ਤਹਈਆ ਕੀਤਾ ਜਾਪਦਾ ਹੈ।

ਇੱਕ ਹੋਰ ਕਾਰਣ ਜੋ ਦੱਸਿਆ ਜਾ ਰਿਹਾ ਹੈ, ਉਹ ਹੈ ਕਿ ਨੌਜਵਾਨਾਂ ਵਿੱਚ ਇਸ ਗੱਲ ਨੂੰ ਲੈ ਕੇ ਅਸੰਤੋਸ਼ ਪਾਇਆ ਜਾ ਰਿਹਾ ਹੈ ਕਿ ਨਵੀਂ ਪੀੜੀ ਨੂੰ ਲੀਡਰਸ਼ਿੱਪ ਰੋਲ ਅਦਾ ਕਰਨ ਦੇ ਮੌਕੇ ਸਥਾਪਿਤ ਸੰਸਥਾਵਾਂ ਵਿੱਚ ਬਹੁਤ ਘੱਟ ਹਨ। ਇਹ ਸੰਸਥਾਵਾਂ ਵੈਸੇ ਵੀ ਸਿੱਖ ਸੇਵਾ ਦੇ ਸੁਨੇਹੇ ਨੂੰ ਮੁੱਖ ਧਾਰਾ ਵਿੱਚ ਲੈ ਕੇ ਜਾਣ ਵਿੱਚ ਕਿਸੇ ਹੱਦ ਤੱਕ ਸੀਮਤ ਰੋਲ ਹੀ ਅਦਾ ਕਰ ਸਕੀਆਂ ਹਨ। ਇਹਨਾਂ ਨੌਜਵਾਨਾਂ ਦਾ ਇਹ ਖਿਆਲ ਉਸਾਰੂ ਹੈ ਕਿ ਉਹ ਸਮਾਂ ਪੈਣ ਉੱਤੇ ਹਰ ਸਿੱਖ ਸੰਸਥਾ ਸਮੇਤ ਸਮੂਹ ਵਰਗਾਂ ਤੋਂ ਮੱਦਦ ਲੈਣਗੇ। ਇਹ ਨੌਜਵਾਨਾਂ ਦੀ ਸੋਚ ਹੈ ਕਿ ਅਸੀਂ ਕੁੱਝ ਨਿੱਗਰ ਕਰਕੇ ਕਮਿਊਨਿਟੀ ਦੇ ਅੱਗੇ ਰੱਖੀਏ ਤਾਂ ਜੋ ਸਾਡੀ ਕਾਬਲੀਅਤ ਉੱਤੇ ਕਿਸੇ ਨੂੰ ਸ਼ੱਕ ਨਾ ਰਹੇ। ਵੈਸੇ ਜਿਹਨਾਂ ਰੁਤਬਿਆਂ ਅਤੇ ਵਿਉਪਾਰਾਂ ਦੇ ਮਾਲਕ ਇਹ ਨੌਜਵਾਨ ਹਨ, ਉਸਨੂੰ ਵੇਖਕੇ ਇਹ ਨਹੀਂ ਸੋਚਿਆ ਜਾ ਸਕਦਾ ਕਿ ਇਹਨਾਂ ਵਿੱਚ ਕਾਬਲੀਅਤ ਦੀ ਘਾਟ ਹੈ। ਇਸ ਮੌਕੇ ਗੁਰੂ ਗੋਬਿੰਦ ਸਿੰਘ ਚਿਲਡਰਨ ਫਾਊਂਡੇਸ਼ਨ ਦੇ ਵਾਲੰਟੀਅਰਾਂ ਦਾ ਮੌਜੂਦ ਹੋਣਾ ਸਾਬਤ ਕਰਦਾ ਹੈ ਕਿ ਨਵੀਂ ਪੀੜੀ ਦੇ ਨੌਜਵਾਨ ਆਪਸ ਵਿੱਚ ਤਾਲਮੇਲ ਮਿਲਾ ਕੇ ਚੱਲ ਰਹੇ ਹਨ।

ਸਿੱਖ ਕਦਰਾਂ ਕੀਮਤਾਂ ਸੇਵਾ ਦੀ ਬੁਨਿਆਦ ਉੱਤੇ ਟਿਕੀਆਂ ਹਨ। ਨਵੀਂ ਪੀੜੀ ਦੇ ਨੌਜਵਾਨਾਂ ਵੱਲੋਂ ਨਿੱਗਰ ਕਦਮ ਚੁੱਕੇ ਜਾਣ ਦਾ ਸੁਆਗਤ ਕੀਤੇ ਜਾਣਾ ਬਣਦਾ ਹੈ। ਇਸਦੇ ਨਾਲ ਹੀ ਕਮਿਊਨਿਟੀ ਦਾ ਫਰਜ਼ ਬਣਦਾ ਹੈ ਕਿ ਇਸ ਗਰੁੱਪ ਦੀ ਬਣਦੀ ਮੱਦਦ ਕੀਤੀ ਜਾਵੇ। ਇਸ ਫੂਡ ਬੈਂਕ ਦਾ ਸਫਲ ਹੋਣਾ ਸਿੱਖ ਭਾਈਚਾਰੇ ਲਈ ਵੱਕਾਰ ਵਾਲੀ ਗੱਲ ਹੈ। ਇਸ ਫੂਡ ਬੈਂਕ ਦੀ ਸਥਾਪਨਾ ਇੱਕ ਨਵੀਂ ਸੰਭਾਵਨਾ ਨੂੰ ਜਨਮ ਦੇਣ ਵਾਲੀ ਗੱਲ ਹੈ। ਆਖਰ ਨੂੰ ਭਵਿੱਖ ਨੌਜਵਾਨਾਂ ਦੇ ਹੱਥ ਹੈ ਅਤੇ ਜੇਕਰ ਉਹ ਅੱਗੇ ਹੋ ਕੇ ਅਤੇ ਤੜਪ ਨਾਲ ਸੇਵਾ ਕਰਨ ਵਾਸਤੇ ਲੀਡਰਸ਼ਿੱਪ ਰੋਲ ਅਦਾ ਕਰ ਰਹੇ ਹਨ ਤਾਂ ਉਹ ਸ਼ਾਬਾਸ਼ ਦੇ ਹੱਕਦਾਰ ਹਨ।